CALIFORNIA
DEPARTMENT OF JUSTICE
VICTIMS' SERVICES UNIT

## ਪੀੜਤਾਂ ਦੇ ਅਧਿਕਾਰ ਲਈ ਬਿੱਲ ਐਕਟ, 2008

# ਮਾਰਸੀ ਦਾ ਕਾਰਡ ਅਤੇ ਸਰੋਤ

### ਪੀੜਤਾਂ ਨੂੰ ਨਿਆਂ ਅਤੇ ਯੋਗ ਕਾਨੂੰਨੀ ਪ੍ਰਕਿਰਿਆ ਦੇ ਅਧਿਕਾਰ ਪ੍ਰਦਾਨ ਕਰਨਾ

| | |
|---|---|
| ਅਫ਼ਸਰ ਦਾ ਨਾਮ: | ਟੈਲੀਫ਼ੋਨ: |
| ਸਰਕਾਰੀ ਵਕੀਲ ਦਾ ਨਾਮ: | ਟੈਲੀਫ਼ੋਨ: |
| ਪੁਲਿਸ ਰਿਪੋਰਟ #: | ਸੁਪੀਰੀਅਰ ਅਦਾਲਤ #: |
| ਮੁਲਜ਼ਮ ਦਾ ਨਾਮ: | ਜਨਮ ਮਿਤੀ: |

4 ਨਵੰਬਰ, 2008 ਨੂੰ, ਕੈਲੀਫੋਰਨੀਆ ਰਾਜ ਦੇ ਲੋਕਾਂ ਨੇ ਪ੍ਰਸਤਾਵ 9, "ਪੀੜਤਾਂ ਦੇ ਅਧਿਕਾਰ ਲਈ ਬਿੱਲ ਐਕਟ, 2008: ਮਾਰਸੀ ਦਾ ਕਾਨੂੰਨ" ਨੂੰ ਮਨਜ਼ੂਰੀ ਦਿੱਤੀ। ਇਸ ਉਪਾਅ ਵਜੋਂ ਪੀੜਤਾਂ ਨੂੰ ਵਾਧੂ ਅਧਿਕਾਰ ਪ੍ਰਦਾਨ ਕਰਨ ਲਈ ਕੈਲੀਫੋਰਨੀਆ ਦੇ ਸੰਵਿਧਾਨ ਵਿੱਚ ਸੋਧ ਕੀਤੀ ਗਈ। ਇਸ ਕਾਰਡ ਵਿੱਚ ਪੀੜਤਾਂ ਦੇ ਅਧਿਕਾਰ ਦੇ ਬਿੱਲ ਦੀਆਂ ਖਾਸ ਧਾਰਾਵਾਂ ਅਤੇ ਸਰੋਤ ਸ਼ਾਮਲ ਹਨ। ਅਪਰਾਧ ਪੀੜਤ, ਮਾਰਸੀ ਦੇ ਕਾਨੂੰਨ ਅਤੇ ਸਥਾਨਕ ਪੀੜਤ ਗਵਾਹ ਸਹਾਇਤਾ ਕੇਂਦਰ ਬਾਰੇ ਵਾਧੂ ਜਾਣਕਾਰੀ ਲਈ, ਅਟਾਰਨੀ ਜਨਰਲ ਦੀ ਪੀੜਤ ਸੇਵਾਵਾਂ ਯੂਨਿਟ ਨਾਲ 1-877-433-9069 'ਤੇ ਜਾਂ ਸਾਡੀ ਵੈੱਬਸਾਈਟ www.oag.ca.gov/victimservices/contact 'ਤੇ ਸੰਪਰਕ ਕਰ ਸਕਦੇ ਹਨ।

ਕੈਲੀਫੋਰਨੀਆ ਦੇ ਸੰਵਿਧਾਨ ਦੇ ਤਹਿਤ ਇੱਕ 'ਪੀੜਤ' ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ, "ਇੱਕ ਅਜਿਹਾ ਵਿਅਕਤੀ ਜੋ ਕਿਸੇ ਅਪਰਾਧ ਜਾਂ ਗੈਰ-ਕਾਨੂੰਨੀ ਕੰਮ ਨੂੰ ਕਰਨ ਜਾਂ ਕਰਨ ਦੀ ਕੋਸ਼ਿਸ਼ ਦੇ ਨਤੀਜੇ ਵਜੋਂ ਸਿੱਧੇ ਜਾਂ ਧਮਕੀ ਭਰੇ ਸਰੀਰਕ, ਮਨੋਵਿਗਿਆਨਕ, ਜਾਂ ਵਿੱਤੀ ਨੁਕਸਾਨ ਦਾ ਸਾਹਮਣਾ ਕਰਦਾ ਹੈ। 'ਪੀੜਤ' ਸ਼ਬਦ ਵਿੱਚ ਵਿਅਕਤੀ ਦਾ ਜੀਵਨ ਸਾਥੀ, ਮਾਤਾ-ਪਿਤਾ, ਬੱਚੇ, ਭੈਣ-ਭਰਾ, ਜਾਂ ਸਰਪ੍ਰਸਤ ਵੀ ਸ਼ਾਮਲ ਹਨ, ਅਤੇ ਇਸ ਵਿੱਚ ਕਿਸੇ ਅਜਿਹੇ ਅਪਰਾਧ ਪੀੜਤ ਦਾ ਕਾਨੂੰਨੀ ਪ੍ਰਤੀਨਿਧੀ ਵੀ ਸ਼ਾਮਲ ਹੈ ਜੋ ਮ੍ਰਿਤਕ, ਨਾਬਾਲਗ, ਜਾਂ ਸਰੀਰਕ ਜਾਂ ਮਨੋਵਿਗਿਆਨਕ ਤੌਰ 'ਤੇ ਅਸਮਰੱਥ ਹੈ। ਪੀੜਤ' ਸ਼ਬਦ ਵਿੱਚ ਕਿਸੇ ਅਪਰਾਧ ਲਈ ਹਿਰਾਸਤ ਵਿੱਚ ਲਿਆ ਗਿਆ ਵਿਅਕਤੀ, ਮੁਲਜ਼ਮ, ਜਾਂ ਅਜਿਹਾ ਵਿਅਕਤੀ ਸ਼ਾਮਲ ਨਹੀਂ ਹੈ ਜਿਸ ਬਾਰੇ ਅਦਾਲਤ ਨੂੰ ਲੱਗਦਾ ਹੈ ਕਿ ਉਹ ਕਿਸੇ ਨਾਬਾਲਗ ਪੀੜਤ ਦੇ ਸਭ ਤੋਂ ਚੰਗੇ ਹਿੱਤਾਂ ਵਿੱਚ ਕੰਮ ਨਹੀਂ ਕਰੇਗਾ।" (ਕੈਲੀਫੋਰਨੀਆ ਸੰਵਿਧਾਨ, ਅਨੁਛੇਦ I, § 28(e))

## ਰਾਜ-ਪੱਧਰੀ ਪੀੜਤ ਸਰੋਤ

**ਬਾਲਗ ਸੁਰੱਖਿਆ ਸੇਵਾਵਾਂ** ਇਹ ਏਜੰਸੀ ਅਣਗਹਿਲੀ, ਦੁਰਵਿਵਹਾਰ, ਜਾਂ ਸ਼ੋਸ਼ਣ ਦਾ ਸ਼ਿਕਾਰ ਹੋਏ ਬਜ਼ੁਰਗ ਅਤੇ ਨਿਰਭਰ ਬਾਲਗਾਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਲਈ ਸਮਰਪਿਤ ਹੈ। ਦੁਰਵਿਵਹਾਰ ਜਾਂ ਅਣਗਹਿਲੀ ਦੀ ਰਿਪੋਰਟ ਕਰਨ ਲਈ ਜਾਂ ਆਪਣੀ ਕਾਉਂਟੀ ਵਿੱਚ ਬਾਲਗ ਸੁਰੱਖਿਆ ਸੇਵਾਵਾਂ ਨਾਲ ਜੁੜਨ ਲਈ, ਕਿਰਪਾ ਕਰਕੇ 1-833-401-0832 'ਤੇ ਕਾਲ ਕਰੋ।

**ਕੈਲੀਫੋਰਨੀਆ ਸੁਧਾਰ ਅਤੇ ਪੁਨਰਵਾਸ ਵਿਭਾਗ, ਪੀੜਤ ਅਤੇ ਬਚੇ ਹੋਏ ਵਿਅਕਤੀਆਂ ਦੇ ਅਧਿਕਾਰਾਂ ਅਤੇ ਸੇਵਾਵਾਂ ਦਾ ਦਫ਼ਤਰ (Office of Victim & Survivor Rights & Services, OVSRS):** ਜਦੋਂ ਅਪਰਾਧੀ ਕੈਲੀਫੋਰਨੀਆ ਦੀ ਜੇਲ੍ਹ ਵਿੱਚ ਹੁੰਦਾ ਹੈ, ਉਦੋਂ ਇਹ ਏਜੰਸੀ ਪੈਰੋਲ ਦੀ ਸੁਣਵਾਈ, ਪੈਰੋਲ ਦੀਆਂ ਸ਼ਰਤਾਂ, ਹਿਰਾਸਤ ਦੀ ਸਥਿਤੀ ਵਿੱਚ ਤਬਦੀਲੀਆਂ, ਅਤੇ ਮੁਆਵਜ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-877-256-6877 'ਤੇ ਕਾਲ ਕਰੋ ਜਾਂ www.cdcr.ca.gov/victim_services 'ਤੇ ਜਾਓ।

**ਪੀੜਤ ਮੁਆਵਜ਼ਾ ਪ੍ਰੋਗਰਾਮ:** ਕੈਲੀਫੋਰਨੀਆ ਪੀੜਤ ਮੁਆਵਜ਼ਾ ਬੋਰਡ (California Victim Compensation Board, CalVCB) ਅੰਤਿਮ ਉਪਾਅ ਵਜੋਂ ਭੁਗਤਾਨ ਕਰਨ ਵਾਲੀ ਸੰਸਥਾ ਹੈ। ਜੇ ਤੁਸੀਂ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਤਾਂ CalVCB ਕਿਸੇ ਅਪਰਾਧ ਦੇ ਨਤੀਜੇ ਵਜੋਂ ਹੋਏ ਖਰਚਿਆਂ ਦੀ ਪੂਰਤੀ ਕਰਕੇ ਸਹਾਇਤਾ ਕਰ ਸਕਦਾ ਹੈ। ਯੋਗਤਾ ਦੀਆਂ ਲੋੜਾਂ, CalVCB ਦੁਆਰਾ ਕਵਰ ਕੀਤੇ ਗਏ ਅਪਰਾਧਾਂ, ਅਤੇ ਯੋਗ ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਪੀੜਤ ਗਵਾਹ ਕੇਂਦਰ (Victim Witness Center) ਨਾਲ ਜਾਂ ਸਿੱਧੇ CalVCB ਨਾਲ 1-800-777-9229 'ਤੇ ਸੰਪਰਕ ਕਰੋ ਜਾਂ www.victims.ca.gov 'ਤੇ ਜਾਓ।

**ਕੈਲੀਫੋਰਨੀਆ ਪੀੜਤ ਸਰੋਤ ਕੇਂਦਰ:** ਇਹ ਕੇਂਦਰ ਪੀੜਤਾਂ ਦੇ ਅਧਿਕਾਰਾਂ, ਉਹਨਾਂ ਦੇ ਭੂਗੋਲਿਕ ਖੇਤਰ ਵਿੱਚ ਪੀੜਤਾਂ ਲਈ ਸਰੋਤਾਂ, ਅਤੇ ਮੁਆਵਜ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-800-VICTIMS 'ਤੇ ਕਾਲ ਕਰੋ ਜਾਂ www.1800victims.org 'ਤੇ ਜਾਓ।

**ਕੈਲੀਫੋਰਨੀਆ ਰਿਲੇ ਸੇਵਾ:** ਇਹ ਏਜੰਸੀ ਬੋਲਣ ਵਿੱਚ ਅਸਮਰੱਥ, ਬੋਲ਼ੇ, ਜਾਂ ਘੱਟ ਸੁਣਨ ਵਾਲੇ ਕਾਲਰਾਂ ਲਈ ਵਿਸ਼ੇਸ਼-ਸਿਖਲਾਈ ਪ੍ਰਾਪਤ ਸੰਚਾਰ ਸਹਾਇਕ ਪ੍ਰਦਾਨ ਕਰਦੀ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 711 ਡਾਇਲ ਕਰੋ ਜਾਂ 1-800-735-2929 'ਤੇ ਕਾਲ ਕਰੋ।

**ਪੀੜਤ/ਗਵਾਹ ਸਹਾਇਤਾ ਕੇਂਦਰ:** ਆਪਣੇ ਸਥਾਨਕ ਪੀੜਤ/ਗਵਾਹ ਸਹਾਇਤਾ ਕੇਂਦਰ, ਪੈਰਵੀ, ਅਪਰਾਧਿਕ ਨਿਆਂ ਪ੍ਰਕਿਰਿਆ ਅਤੇ ਆਪਣੇ ਭੂਗੋਲਿਕ ਖੇਤਰ ਦੇ ਹੋਰ ਸਰੋਤਾਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਅਟਾਰਨੀ ਜਨਰਲ ਦੀ ਪੀੜਤ ਸੇਵਾਵਾਂ ਯੂਨਿਟ (Attorney General's Victims' Services Unit) ਨਾਲ 1-877-433-9069 'ਤੇ ਸੰਪਰਕ ਕਰੋ, ਜਾਂ www.oag.ca.gov/VictimServices 'ਤੇ ਜਾਓ।

**ਭਾਈਚਾਰਾ-ਅਧਾਰਿਤ ਬਹਾਲੀ ਸੰਬੰਧੀ ਨਿਆਂ ਪ੍ਰੋਗਰਾਮ:** ਕੈਲੀਫੋਰਨੀਆ ਪੀਨਲ ਕੋਡ ਦੀਆਂ ਧਾਰਾਵਾਂ 679.02 ਅਤੇ 679.027 ਦੇ ਅਨੁਸਾਰ, "ਬਹਾਲੀ ਸੰਬੰਧੀ ਨਿਆਂ" ਨੁਕਸਾਨ ਹੋਣ 'ਤੇ ਜਵਾਬਦੇਹੀ, ਸਿਹਤਯਾਬੀ ਅਤੇ ਉਸ ਦੇ ਠੀਕ ਹੋਣ ਨੂੰ ਉਤਸ਼ਾਹਿਤ ਕਰਦਾ ਹੈ। ਇਹਨਾਂ ਪ੍ਰਕਿਰਿਆਵਾਂ ਵਿੱਚ, ਨੁਕਸਾਨ ਦੇ ਮੂਲ ਕਾਰਨਾਂ ਅਤੇ ਪ੍ਰਭਾਵਾਂ ਦੀ ਪੜਚੋਲ ਕਰਨ ਅਤੇ ਜਵਾਬਦੇਹੀ ਤੇ ਸਿਹਤਯਾਬੀ ਦਾ ਸਮਰਥਨ ਕਰਨ ਲਈ, ਨੁਕਸਾਨ ਸਹਿਣ ਵਾਲੇ ਵਿਅਕਤੀ, ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ, ਉਹਨਾਂ ਦੇ ਪਰਿਵਾਰਾਂ, ਅਤੇ ਭਾਈਚਾਰੇ ਦੇ ਮੈਂਬਰਾਂ ਵਿਚਕਾਰ ਸੁਵਿਧਾਜਨਕ ਮੀਟਿੰਗਾਂ ਸ਼ਾਮਲ ਹੋ ਸਕਦੀਆਂ ਹਨ। ਬਹਾਲੀ ਸੰਬੰਧੀ ਨਿਆਂ ਦੀਆਂ ਪ੍ਰਕਿਰਿਆਵਾਂ ਦੇ ਨਤੀਜੇ ਵਜੋਂ ਅਕਸਰ ਹੋਏ ਨੁਕਸਾਨ ਦੀ ਡੂੰਘੀ ਸਮਝ, ਜਵਾਬਦੇਹੀ ਦੇ ਸਾਰਥਕ ਪ੍ਰਗਟਾਵੇ, ਅਤੇ ਨੁਕਸਾਨ ਦੀ ਮੁਰੰਮਤ ਲਈ ਖਾਸ ਕਾਰਵਾਈਆਂ ਕਰਨ ਲਈ ਸਮਝੌਤੇ ਹੁੰਦੇ ਹਨ, ਜਿਵੇਂ ਕਿ ਨਿੱਜੀ ਜਾਂ ਭਾਈਚਾਰਕ ਸੇਵਾ, ਰੁਜ਼ਗਾਰ ਜਾਂ ਕਾਉਂਸਲਿੰਗ ਵਿੱਚ ਸ਼ਮੂਲੀਅਤ, ਅਤੇ ਮੁਆਵਜ਼ੇ ਦਾ ਭੁਗਤਾਨ। ਜੇ ਤੁਸੀਂ ਆਪਣੀ ਕਾਉਂਟੀ ਵਿੱਚ ਭਾਈਚਾਰਾ-ਅਧਾਰਿਤ ਜਾਂ ਸਥਾਨਕ ਸਰਕਾਰ ਦੇ ਬਹਾਲੀ ਸੰਬੰਧੀ ਨਿਆਂ ਪ੍ਰੋਗਰਾਮਾਂ ਬਾਰੇ ਜਾਣਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਅਟਾਰਨੀ ਜਨਰਲ ਦੀ ਪੀੜਤ ਸੇਵਾਵਾਂ ਯੂਨਿਟ ਨਾਲ 1-877-433-9069 'ਤੇ ਜਾਂ ਸਾਡੀ ਵੈੱਬਸਾਈਟ www.oag.ca.gov/victimservices/contact ਰਾਹੀਂ ਸੰਪਰਕ ਕਰੋ।

## ਰਾਸ਼ਟਰੀ ਪੀੜਤ ਸਰੋਤ

**ਅਪਰਾਧ ਪੀੜਤਾਂ ਲਈ ਰਾਸ਼ਟਰੀ ਕੇਂਦਰ** 1-202-467-8700 • victimsofcrime.org

CALIFORNIA DEPARTMENT OF JUSTICE

OFFICE OF THE ATTORNEY GENERAL

# ਪੀੜਤਾਂ ਦੇ ਅਧਿਕਾਰ ਲਈ ਬਿੱਲ

## ਕੈਲੀਫੋਰਨੀਆ ਸੰਵਿਧਾਨ, ਅਨੁਛੇਦ I, ਧਾਰਾ 28(b)

ਇੱਕ ਪੀੜਤ ਦੇ ਨਿਆਂ ਅਤੇ ਯੋਗ ਕਾਨੂੰਨੀ ਪ੍ਰਕਿਰਿਆ ਦੇ ਅਧਿਕਾਰਾਂ ਨੂੰ ਸੁਰੱਖਿਅਤ ਅਤੇ ਕਾਇਮ ਰੱਖਣ ਲਈ, ਇੱਕ ਪੀੜਤ ਹੇਠ ਲਿਖੇ ਅਧਿਕਾਰਾਂ ਦਾ ਹੱਕਦਾਰ ਹੋਵੇਗਾ:

1. ਸਾਰੀ ਅਪਰਾਧਿਕ ਜਾਂ ਕਿਸ਼ੋਰ ਨਿਆਂ ਪ੍ਰਕਿਰਿਆ ਦੌਰਾਨ, ਪੀੜਤ ਦੀ ਨਿੱਜਤਾ ਅਤੇ ਗਰਿਮਾ ਲਈ ਨਿਰਪੱਖਤਾ ਅਤੇ ਸਨਮਾਨ ਨਾਲ ਵਿਵਹਾਰ ਕੀਤੇ ਜਾਣ, ਅਤੇ ਡਰਾਉਣ-ਧਮਕਾਉਣ, ਪ੍ਰੇਸ਼ਾਨੀ, ਅਤੇ ਦੁਰਵਿਵਹਾਰ ਤੋਂ ਮੁਕਤ ਹੋਣ ਦਾ ਅਧਿਕਾਰ।

2. ਮੁਲਜ਼ਮ ਅਤੇ ਉਸਦੀ ਤਰਫ਼ੋਂ ਕੰਮ ਕਰਨ ਵਾਲੇ ਵਿਅਕਤੀਆਂ ਤੋਂ ਉਚਿਤ ਸੁਰੱਖਿਆ ਪ੍ਰਾਪਤ ਕਰਨ ਦਾ ਅਧਿਕਾਰ।

3. ਮੁਲਜ਼ਮ ਲਈ ਜ਼ਮਾਨਤ ਦੀ ਰਕਮ ਅਤੇ ਰਿਹਾਈ ਦੀਆਂ ਸ਼ਰਤਾਂ ਤੈਅ ਕਰਦੇ ਸਮੇਂ ਪੀੜਤ ਅਤੇ ਉਸਦੇ ਪਰਿਵਾਰ ਦੀ ਸੁਰੱਖਿਆ 'ਤੇ ਵਿਚਾਰ ਕੀਤੇ ਜਾਣ ਦਾ ਅਧਿਕਾਰ।

4. ਮੁਲਜ਼ਮ, ਉਸਦੇ ਵਕੀਲ, ਜਾਂ ਉਸਦੀ ਤਰਫ਼ੋਂ ਕੰਮ ਕਰਨ ਵਾਲੇ ਕਿਸੇ ਹੋਰ ਵਿਅਕਤੀ ਨੂੰ ਅਜਿਹੀ ਗੁਪਤ ਜਾਣਕਾਰੀ ਜਾਂ ਰਿਕਾਰਡ ਦੇ ਖੁਲਾਸੇ ਨੂੰ ਰੋਕਣ ਦਾ ਅਧਿਕਾਰ, ਜਿਸਦੀ ਵਰਤੋਂ ਪੀੜਤ ਜਾਂ ਉਸਦੇ ਪਰਿਵਾਰ ਦਾ ਪਤਾ ਲਗਾਉਣ ਜਾਂ ਪ੍ਰੇਸ਼ਾਨ ਕਰਨ ਲਈ ਕੀਤੀ ਜਾ ਸਕਦੀ ਹੋਵੇ, ਜਾਂ ਜੋ ਡਾਕਟਰੀ ਜਾਂ ਕਾਉਂਸਲਿੰਗ ਇਲਾਜ ਦੌਰਾਨ ਕੀਤੀ ਗੁਪਤ ਗੱਲਬਾਤ ਦਾ ਖੁਲਾਸਾ ਕਰਦੀ ਹੋਵੇ, ਜਾਂ ਜੋ ਕਾਨੂੰਨ ਦੁਆਰਾ ਵਿਸ਼ੇਸ਼ ਅਧਿਕਾਰ ਪ੍ਰਾਪਤ ਜਾਂ ਗੁਪਤ ਹੋਵੇ।

5. ਮੁਲਜ਼ਮ, ਉਸਦੇ ਵਕੀਲ, ਜਾਂ ਉਸਦੀ ਤਰਫ਼ੋਂ ਕੰਮ ਕਰਨ ਵਾਲੇ ਕਿਸੇ ਹੋਰ ਵਿਅਕਤੀ ਦੁਆਰਾ ਕੀਤੀ ਗਈ ਇੰਟਰਵਿਊ, ਬਿਆਨ, ਜਾਂ ਖੋਜ ਦੀ ਬੇਨਤੀ ਤੋਂ ਇਨਕਾਰ ਕਰਨ ਦਾ, ਅਤੇ ਜਿਸ ਇੰਟਰਵਿਊ ਲਈ ਪੀੜਤ ਸਹਿਮਤੀ ਦਿੰਦਾ ਹੈ, ਉਸਦੇ ਸੰਚਾਲਨ 'ਤੇ ਉਚਿਤ ਸ਼ਰਤਾਂ ਲਗਾਉਣ ਦਾ ਅਧਿਕਾਰ।

6. ਬੇਨਤੀ ਕਰਨ 'ਤੇ, ਮੁਕੱਦਮਾ ਚਲਾਉਣ ਵਾਲੀ ਏਜੰਸੀ ਨਾਲ ਉਚਿਤ ਨੋਟਿਸ ਪ੍ਰਾਪਤ ਕਰਨ ਅਤੇ ਸਲਾਹ-ਮਸ਼ਵਰਾ ਕਰਨ ਦਾ ਅਧਿਕਾਰ, ਜਿਸ ਵਿੱਚ ਮੁਲਜ਼ਮ ਦੀ ਗ੍ਰਿਫ਼ਤਾਰੀ, ਦਾਇਰ ਕੀਤੇ ਗਏ ਦੋਸ਼, ਮੁਲਜ਼ਮ ਦੀ ਹਵਾਲਗੀ ਦਾ ਫੈਸਲਾ, ਅਤੇ ਬੇਨਤੀ ਕਰਨ 'ਤੇ, ਕੇਸ ਦੇ ਕਿਸੇ ਵੀ ਮੁਕੱਦਮੇ ਤੋਂ ਪਹਿਲਾਂ ਦੇ ਨਿਪਟਾਰੇ ਤੋਂ ਪਹਿਲਾਂ ਸੂਚਿਤ ਕੀਤੇ ਜਾਣ ਦਾ ਅਧਿਕਾਰ ਸ਼ਾਮਲ ਹੈ।

7. ਬੇਨਤੀ ਕਰਨ 'ਤੇ, ਸਾਰੀਆਂ ਜਨਤਕ ਕਾਰਵਾਈਆਂ ਦਾ ਉਚਿਤ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ, ਜਿਸ ਵਿੱਚ ਬਾਲ-ਅਪਰਾਧ ਕਾਰਵਾਈਆਂ ਵੀ ਸ਼ਾਮਲ ਹਨ, ਜਿੱਥੇ ਮੁਲਜ਼ਮ ਅਤੇ ਸਰਕਾਰੀ ਵਕੀਲ ਮੌਜੂਦ ਹੋਣ ਦੇ ਹੱਕਦਾਰ ਹਨ, ਅਤੇ ਸਾਰੀਆਂ ਪੈਰੋਲ ਜਾਂ ਸਜ਼ਾ ਤੋਂ ਬਾਅਦ ਦੀਆਂ ਰਿਹਾਈ ਦੀਆਂ ਕਾਰਵਾਈਆਂ ਦਾ ਨੋਟਿਸ ਪ੍ਰਾਪਤ ਕਰਨ ਅਤੇ ਅਜਿਹੀਆਂ ਸਾਰੀਆਂ ਕਾਰਵਾਈਆਂ ਵਿੱਚ ਮੌਜੂਦ ਰਹਿਣ ਦਾ ਅਧਿਕਾਰ।

8. ਬੇਨਤੀ ਕਰਨ 'ਤੇ, ਕਿਸੇ ਵੀ ਕਾਰਵਾਈ ਵਿੱਚ ਸੁਣਵਾਈ ਦਾ ਅਧਿਕਾਰ, ਜਿਸ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਰਿਹਾਈ ਦੇ ਫੈਸਲੇ, ਪਟੀਸ਼ਨ, ਸਜ਼ਾ, ਸਜ਼ਾ ਤੋਂ ਬਾਅਦ ਰਿਹਾਈ ਦੇ ਫੈਸਲੇ, ਜਾਂ ਕੋਈ ਵੀ ਅਜਿਹੀ ਕਾਰਵਾਈ ਸ਼ਾਮਲ ਹੈ ਜਿਸ ਵਿੱਚ ਪੀੜਤ ਦਾ ਕੋਈ ਅਧਿਕਾਰ ਦਾਅ 'ਤੇ ਹੋਵੇ।

9. ਤੇਜ਼ੀ ਨਾਲ ਮੁਕੱਦਮੇ ਅਤੇ ਕੇਸ ਅਤੇ ਇਸ ਨਾਲ ਸਬੰਧਤ ਕਿਸੇ ਵੀ ਬਾਅਦ-ਦੇ-ਫੈਸਲੇ ਦੀਆਂ ਕਾਰਵਾਈਆਂ ਦੇ ਤੁਰੰਤ ਅਤੇ ਅੰਤਿਮ ਸਿੱਟੇ ਦਾ ਅਧਿਕਾਰ।

10. ਮੁਲਜ਼ਮ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ, ਸਜ਼ਾ-ਪੂਰਵ ਜਾਂਚ ਕਰ ਰਹੇ ਪ੍ਰੋਬੇਸ਼ਨ ਵਿਭਾਗ ਦੇ ਅਧਿਕਾਰੀ ਨੂੰ ਅਪਰਾਧ ਦੇ ਪੀੜਤ ਅਤੇ ਉਸਦੇ ਪਰਿਵਾਰ 'ਤੇ ਪਏ ਪ੍ਰਭਾਵ ਬਾਰੇ ਜਾਣਕਾਰੀ ਪ੍ਰਦਾਨ ਕਰਨ ਅਤੇ ਸਜ਼ਾ ਸੰਬੰਧੀ ਕੋਈ ਵੀ ਸਿਫ਼ਾਰਸ਼ਾਂ ਦੇਣ ਦਾ ਅਧਿਕਾਰ।

11. ਬੇਨਤੀ ਕਰਨ 'ਤੇ, ਸਜ਼ਾ-ਪੂਰਵ ਰਿਪੋਰਟ ਪ੍ਰਾਪਤ ਕਰਨ ਦਾ ਅਧਿਕਾਰ, ਜਦੋਂ ਇਹ ਮੁਲਜ਼ਮ ਨੂੰ ਉਪਲਬਧ ਹੋਵੇ, ਸਿਵਾਏ ਉਹਨਾਂ ਹਿੱਸਿਆਂ ਦੇ ਜਿਨ੍ਹਾਂ ਨੂੰ ਕਾਨੂੰਨ ਦੁਆਰਾ ਗੁਪਤ ਰੱਖਿਆ ਗਿਆ ਹੈ।

12. ਬੇਨਤੀ ਕਰਨ 'ਤੇ, ਦੋਸ਼-ਸਿੱਧੀ, ਸਜ਼ਾ, ਕੈਦ ਦੀ ਥਾਂ ਅਤੇ ਸਮਾਂ, ਜਾਂ ਮੁਲਜ਼ਮ ਦੇ ਹੋਰ ਨਿਪਟਾਰੇ, ਮੁਲਜ਼ਮ ਦੀ ਰਿਹਾਈ ਦੀ ਨਿਯਤ ਮਿਤੀ, ਅਤੇ ਮੁਲਜ਼ਮ ਦੀ ਹਿਰਾਸਤ ਤੋਂ ਰਿਹਾਈ ਜਾਂ ਫਰਾਰ ਹੋਣ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ.

13. ਮੁਆਵਜ਼ਾ ਪ੍ਰਾਪਤ ਕਰਨ ਦਾ ਅਧਿਕਾਰ।

    A. ਇਹ ਕੈਲੀਫੋਰਨੀਆ ਰਾਜ ਦੇ ਲੋਕਾਂ ਦਾ ਸਪੱਸ਼ਟ ਇਰਾਦਾ ਹੈ ਕਿ ਜਿਨ੍ਹਾਂ ਵਿਅਕਤੀਆਂ ਨੂੰ ਅਪਰਾਧਿਕ ਗਤੀਵਿਧੀਆਂ ਦੇ ਨਤੀਜੇ ਵਜੋਂ ਨੁਕਸਾਨ ਹੁੰਦਾ ਹੈ, ਉਹਨਾਂ ਨੂੰ ਉਹਨਾਂ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਤੋਂ ਮੁਆਵਜ਼ਾ ਮੰਗਣ ਅਤੇ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ ਜਿਨ੍ਹਾਂ ਕਾਰਨ ਉਹਨਾਂ ਨੂੰ ਨੁਕਸਾਨ ਹੋਇਆ ਹੈ।

    B. ਹਰ ਉਸ ਮਾਮਲੇ ਵਿੱਚ ਜਿਸ ਵਿੱਚ ਕਿਸੇ ਅਪਰਾਧ ਪੀੜਤ ਨੂੰ ਨੁਕਸਾਨ ਹੋਇਆ ਹੋਵੇ, ਦੋਸ਼ੀ-ਸਿੱਧ ਅਪਰਾਧੀ ਨੂੰ ਮੁਆਵਜ਼ੇ ਦਾ ਹੁਕਮ ਦਿੱਤਾ ਜਾਵੇਗਾ, ਭਾਵੇਂ ਕੋਈ ਵੀ ਸਜ਼ਾ ਜਾਂ ਨਿਪਟਾਰਾ ਕੀਤਾ ਗਿਆ ਹੋਵੇ।

    C. ਕਿਸੇ ਵੀ ਵਿਅਕਤੀ ਤੋਂ, ਜਿਸ ਨੂੰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਗਿਆ ਹੈ, ਇਕੱਠੇ ਕੀਤੇ ਗਏ ਸਾਰੇ ਮੌਦਰਿਕ ਭੁਗਤਾਨ, ਪੈਸੇ ਅਤੇ ਜਾਇਦਾਦ ਦੀ ਵਰਤੋਂ ਸਭ ਤੋਂ ਪਹਿਲਾਂ ਪੀੜਤ ਨੂੰ ਮੁਆਵਜ਼ੇ ਵਜੋਂ ਹੁਕਮ ਕੀਤੀਆਂ ਰਕਮਾਂ ਦਾ ਭੁਗਤਾਨ ਕਰਨ ਲਈ ਕੀਤੀ ਜਾਵੇਗੀ।

14. ਜਦੋਂ ਸਬੂਤ ਵਜੋਂ ਜਾਇਦਾਦ ਦੀ ਹੋਰ ਲੋੜ ਨਾ ਰਹੇ ਤਾਂ ਉਸਦੀ ਤੁਰੰਤ ਵਾਪਸੀ ਦਾ ਅਧਿਕਾਰ।

15. ਸਾਰੀਆਂ ਪੈਰੋਲ ਪ੍ਰਕਿਰਿਆਵਾਂ ਬਾਰੇ ਸੂਚਿਤ ਕੀਤੇ ਜਾਣ, ਪੈਰੋਲ ਪ੍ਰਕਿਰਿਆ ਵਿੱਚ ਹਿੱਸਾ ਲੈਣ, ਅਪਰਾਧੀ ਦੀ ਪੈਰੋਲ ਤੋਂ ਪਹਿਲਾਂ ਵਿਚਾਰ ਲਈ ਪੈਰੋਲ ਅਥਾਰਟੀ ਨੂੰ ਜਾਣਕਾਰੀ ਪ੍ਰਦਾਨ ਕਰਨ, ਅਤੇ ਬੇਨਤੀ ਕਰਨ 'ਤੇ, ਅਪਰਾਧੀ ਦੀ ਪੈਰੋਲ ਜਾਂ ਹੋਰ ਰਿਹਾਈ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ।

16. ਕਿਸੇ ਵੀ ਪੈਰੋਲ ਜਾਂ ਫੈਸਲੇ ਤੋਂ ਬਾਅਦ ਰਿਹਾਈ ਦਾ ਫੈਸਲਾ ਕਰਨ ਤੋਂ ਪਹਿਲਾਂ ਪੀੜਤ, ਉਸਦੇ ਪਰਿਵਾਰ, ਅਤੇ ਆਮ ਜਨਤਾ ਦੀ ਸੁਰੱਖਿਆ 'ਤੇ ਵਿਚਾਰ ਕੀਤੇ ਜਾਣ ਦਾ ਅਧਿਕਾਰ।

17. ਪੈਰਾ (1) ਤੋਂ (16) ਵਿੱਚ ਦਰਜ ਅਧਿਕਾਰਾਂ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ।

ਇੱਕ ਪੀੜਤ, ਪੀੜਤ ਦਾ ਨਿਯੁਕਤ ਵਕੀਲ, ਪੀੜਤ ਦਾ ਕਾਨੂੰਨੀ ਪ੍ਰਤੀਨਿਧੀ, ਜਾਂ ਪੀੜਤ ਦੀ ਬੇਨਤੀ 'ਤੇ ਸਰਕਾਰੀ ਵਕੀਲ, ਕੇਸ ਦਾ ਅਧਿਕਾਰ ਖੇਤਰ ਰੱਖਣ ਵਾਲੀ ਕਿਸੇ ਵੀ ਟਰਾਇਲ ਜਾਂ ਅਪੀਲੀ ਅਦਾਲਤ ਵਿੱਚ ਉਪਰੋਕਤ ਅਧਿਕਾਰਾਂ ਨੂੰ ਇੱਕ ਅਧਿਕਾਰ ਵਜੋਂ ਲਾਗੂ ਕਰਵਾ ਸਕਦਾ ਹੈ। ਅਦਾਲਤ ਅਜਿਹੀ ਬੇਨਤੀ 'ਤੇ ਤੁਰੰਤ ਕਾਰਵਾਈ ਕਰੇਗੀ।

(ਕੈਲੀਫੋਰਨੀਆ ਸੰਵਿਧਾਨ, ਅਨੁਛੇਦ I, § 28(c)(1).)